# ਪੰਜਾਬੀ ਵਿਆਕਰਨ

1.ਵਿੱਦਿਆ ਜਿਸ ਵਿੱਚ ਭਾਸ਼ਾ ਦੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ?
ਉੱਤਰ-ਵਿਆਕਰਨ ।

2.ਪੰਜਾਬੀ ਵਿਆਕਰਨ ਅਨੁਸਾਰ ਧੁਨੀ ਦਾ ਕੀ ਅਰਥ ਹੈ?
ਉੱਤਰ-ਅਵਾਜ ।

3.ਪੰਜਾਬ ਵਿੱਚ ਕਿਹੜੀ ਭਾਸ਼ਾ ਬੋਲੀ ਜਾਂਦੀ ਹੈ?
ਉੱਤਰ-ਪੰਜਾਬੀ ।

4.ਗੁਰਮੁਖੀ ਲਿਪੀ ਦੇ ਕੁੱਲ ਕਿੰਨੇ ਅੱਖਰ ਹਨ?
ਉੱਤਰ-35 ।

5.ਲਗਾਖਰ ਦੀ ਗਿਣਤੀ ਕੀ ਹੈ?
ਉੱਤਰ-ਤਿੰਨ ।

6.ਵਾਕ ਵਿਚ ਨਾਂਵ ਦੀ ਥਾਂ ਵਰਤਿਆ ਜਾਣ ਵਾਲਾ ਸ਼ਬਦ ਕੀ ਅਖਵਾਉਂਦਾ ਹੈ?ਗਿਣਤੀ ਕਿੰਨੀ ਹੈ ?
ਉੱਤਰ-ਪੜਨਾਂਵ । ਗਿਣਤੀ 6 ਹੈ ।

7.ਕਾਲ ਕਿੰਨੇ ਪ੍ਰਕਾਰ ਦੇ ਹੁੰਦੇ ਹਨ?
ਉੱਤਰ-ਤਿੰਨ ।

8.ਸ਼ਬਦ ਦਾ ਉਹ ਭੇਦ ਜਿਸ ਤੋਂ ਕਿਸੇ ਚੀਜ਼ ਦੇ ਪੁਰਖਵਾਚੀ ਜਾਂ ਇਸਤਰੀਵਾਚੀ ਹੋਣ ਦਾ ਪਤਾ ਲੱਗੇ।
ਉੱਤਰ-ਲਿੰਗ ।

9.'ਦਿਨ'ਸ਼ਬਦ ਦਾ ਵਿਰੋਧੀ ਸ਼ਬਦ ਕੀ ਹੋਵੇਗਾ?
ਉੱਤਰ- ਰਾਤ ।

10.'ਅਮਰ' ਸ਼ਬਦ ਵਿੱਚ ਅਗੇਤਰ ਕਿਹੜਾ ਹੈ?
ਉੱਤਰ- ਅ

11.ਵਿਆਕਰਨ ਦੀ ਪਰਿਭਾਸ਼ਾ ਲਿਖੋ।
ਉੱਤਰ-ਕਿਸੇ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਹਨਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ,ਉਸ ਨੂੰ ਵਿਆਕਰਨ ਕਹਿੰਦੇ ਹਨ।
ਜਾਂ
*ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਵਿੱਦਿਆ ਨੂੰ ਵਿਆਕਰਨ ਕਿਹਾ ਜਾਂਦਾ ਹੈ।

12.ਪੰਜਾਬੀ ਦੀ ਟਕਸਾਲੀ/ਸਾਹਿਤਕ/ਮਿਆਰੀ ਬੋਲੀ ਕਿਹੜੀ ਹੈ?
ਉੱਤਰ-ਮਾਝੀ ।

13.ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?
ਉੱਤਰ-ਦੋ (ਸਵਰ,ਵਿਅੰਜਨ)

14.ਨਵੇਂ ਅੱਖਰ ਸ਼ਾਮਲ ਹੋਣ ਨਾਲ ਗੁਰਮੁਖੀ ਦੇ ਅੱਖਰਾਂ ਦੀ ਗਿਣਤੀ ਕਿੰਨੀ ਹੋ ਗਈ ?
ਉੱਤਰ- 41

15.'ਚਲੋ ਘਰ ਘਰ ਚੱਲੀਏ।'ਵਾਕ ਵਿਚ ਕਿਸ ਪ੍ਰਕਾਰ ਦੇ ਨਾਂਵ ਦੀ ਵਰਤੋਂ ਹੈ?
ਉੱਤਰ-ਆਮ ਨਾਂਵ ।

16.'ਕਿਸੇ ਨਾਲ ਮਰਿਆ ਨਹੀਂ ਜਾਂਦਾ।'ਵਾਕ ਕਿਹੜੇ ਵਾਚ ਵਿੱਚ ਹੈ?
ਉੱਤਰ- ਕਰਮਣੀ ਵਾਚ ।

17. 'ਵਾਹ ਭਈ ਵਾਹ!'ਵਾਕ ਵਿੱਚ ਕਿਸ ਪ੍ਰਕਾਰ ਦਾ ਵਿਸਮਿਕ ਹੈ?
ਉੱਤਰ-ਪ੍ਰਸੰਸਾ ਵਾਚਕ ਵਿਸਮਿਕ ।

18.ਜਦੋਂ ਕਿਰਿਆ ਦਾ ਕੰਮ ਬੀਤ ਚੁੱਕੇ ਸਮੇਂ ਵਿੱਚ ਹੋਵੇ ਤਾਂ ਉਸ ਦਾ ਕਾਲ ਕਿਹੜਾ ਹੁੰਦਾ ਹੈ?
ਉੱਤਰ-ਭੂਤਕਾਲ ।

19.'ਚੰਗਿਆਈ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।
ਉੱਤਰ- ਬੁਰਿਆਈ ।

20. 'ਆਥਣ'ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ ।
ਉੱਤਰ-ਸ਼ਾਮ,ਸੰਝ,ਤ੍ਰਿਕਾਲਾਂ ।

21.ਸਾਹਿਤ ਦੀ ਰਚਨਾ ਕਰਨ ਵੇਲ਼ੇ ਕਿਹੜੀ ਭਾਸ਼ਾ ਵਰਤੀ ਜਾਂਦੀ ਹੈ ?
ਉੱਤਰ-ਮਾਝੀ /ਸਾਹਿਤਕ/ਮਿਆਰੀ/ਟਕਸਾਲੀ ।

22.ਪੰਜਾਬੀ ਵਿੱਚ ਸਵਰ ਧੁਨੀਆਂ ਕਿਹੜੀਆਂ ਹਨ?
ਉੱਤਰ-ਅ ਆ,ਇ ਈ,ਏ ਐ,ਓ ਔ,ਉ ਊ ।

23.ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ ?
ਉੱਤਰ-ਗੁਰਮੁਖੀ ।

24.ਲਗਾਂ ਕਿਸ ਨੂੰ ਆਖਦੇ ਹਨ?ਇਨ੍ਹਾਂ ਦੀ ਗਿਣਤੀ ਦੱਸੋ?
ਉੱਤਰ-ਸਵਰ ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿਪੀ ਚਿੰਨ੍ਹ ਹਨ।ਇਨ੍ਹਾਂ ਦੀ ਗਿਣਤੀ 10 ਹੈ।

25.ਨਾਂਵ ਕੀ ਹੁੰਦਾ ਹੈ?ਇਨ੍ਹਾਂ ਦੀ ਗਿਣਤੀ ਕਿੰਨੀ ਹੈ?
ਉੱਤਰ-ਜਿਹੜੇ ਸ਼ਬਦ ਕਿਸੇ ਵਿਅਕਤੀ,ਵਸਤੂ,ਸਥਾਨ ਆਦਿ ਦਾ ਗਿਆਨ ਕਰਾਉਣ।ਇਨ੍ਹਾਂ ਦੀ ਗਿਣਤੀ 5 ਹੈ।

26.ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
ਉੱਤਰ-ਪੰਜ ਪ੍ਰਕਾਰ ਦੇ ।

27.ਵਿਆਕਰਨ ਦਾ ਕੀ ਮੰਤਵ ਹੈ?
ਉੱਤਰ-ਕਿਸੇ ਭਾਸ਼ਾ ਦੇ ਵਰਤਾਰੇ ਨੂੰ ਵਿਗਿਆਨਕ ਢੰਗ ਨਾਲ ਸਮਝਣਾ ।

28.ਬੋਲ-ਚਾਲ ਦੀ ਬੋਲੀ ਤੋਂ ਕੀ ਭਾਵ ਹੈ?
ਉੱਤਰ-ਜਿਹੜੀ ਬੋਲੀ ਦੀ ਵਰਤੋਂ ਰੋਜ਼ਾਨਾ ਜ਼ਿੰਦਗੀ ਵਿੱਚ ਆਮ ਗੱਲਬਾਤ ਕਰਨ ਸਮੇਂ ਕੀਤੀ ਜਾਂਦੀ ਹੈ।

29.ਨਾਸਿਕੀ ਵਿਅੰਜਨ ਕਿਸ ਨੂੰ ਆਖਦੇ ਹਨ?ਪੰਜਾਬੀ ਦੇ ਨਾਸਿਕੀ ਵਿਅੰਜਨ ਲਿਖੋ।
ਉੱਤਰ-ਉਹ ਧੁਨੀਆਂ ਜਿਨ੍ਹਾਂ ਨੂੰ ਬੋਲਦੇ ਸਮੇਂ ਅਵਾਜ਼ ਦਾ ਕੁਝ ਹਿੱਸਾ ਨੱਕ ਰਾਹੀਂ ਨਿਕਲਦਾ ਹੈ।ਙ,ਞ,ਣ,ਨ,ਮ (ਪੰਜ) ।

30.ਵਰਨ ਜਾਂ ਅੱਖਰ ਕਿਸ ਨੂੰ ਕਹਿੰਦੇ ਹਨ?
ਉੱਤਰ-ਧੁਨੀ ਦਾ ਲਿਖਤੀ ਚਿੰਨ੍ਹ ਵਰਨ ਜਾਂ ਅੱਖਰ ਹੁੰਦਾ ਹੈ।

31.ਗੁਰਮੁੱਖੀ ਲਿਪੀ ਅਤੇ ਵਰਨਮਾਲਾ ਵਿੱਚ ਕੀ ਅੰਤਰ ਹੈ?
ਉੱਤਰ-ਭਾਸ਼ਾ ਦੀਆਂ ਨੂੰ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਵਾਲੇ ਚਿੰਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ ਪਰ ਵਰਨਮਾਲਾ ਵਿਚ ਨਿਸਚਿਤ ਤਰਤੀਬ ਵਿਚ ਲਿਖੇ ਜਾਣ ਵਾਲੇ ਅੱਖਰ ਹੀ ਸ਼ਾਮਲ ਕੀਤੇ ਜਾਂਦੇ ਹਨ।

32.ਵਿਸ਼ੇਸ਼ਣ ਕੀ ਹੁੰਦਾ ਹੈ?
ਉੱਤਰ-ਉਹ ਸ਼ਬਦ ਜੋ ਕਿਸੇ ਨਾਵ ਜਾਂ ਪੜਨਾਂਵ ਦੇ ਗੁਣ, ਔਗੁਣ ਜਾਂ ਕਿਸੇ ਵਿਸ਼ੇਸ਼ਤਾ ਬਾਰੇ ਦੱਸਣ।

33. ਕਿਰਿਆ ਕੀ ਹੁੰਦੀ ਹੈ?
ਉੱਤਰ-ਉਹ ਸ਼ਬਦ ਜਿਹੜਾ ਕਿਸੇ ਕੰਮ ਦੇ ਹੋਣ,ਕਰਨ ਜਾਂ ਵਾਪਰਨ ਆਦਿ ਕਾਲ ਸਮੇਤ ਪ੍ਰਗਟ ਕਰਨ।

34.ਵਿਆਕਰਨ ਦੇ ਕਿਸ ਭਾਗ ਅਧੀਨ ਸ਼ਬਦਾਂ ਦਾ ਅਧਿਐਨ ਕੀਤਾ ਜਾਂਦਾ ਹੈ?
ਉੱਤਰ-ਸ਼ਬਦ-ਬੋਧ ।

35.ਪੰਜਾਬੀ ਦੀ ਕਿਸੇ ਇੱਕ ਉਪ ਬੋਲੀ ਦਾ ਨਾਂ ਦੱਸੋ?
ਉੱਤਰ-ਮਾਝੀ,ਮਲਵਈ,ਦੁਆਬੀ,ਪੁਆਧੀ।

36.ਪੰਜਾਬੀ ਦੀਆਂ ਉਹ ਕਿਹੜੀਆਂ ਧੁਨੀਆਂ ਹਨ ਜਿਨ੍ਹਾਂ ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?
ਉੱਤਰ-ਙ,ਞ,ਣ,ੜ, ਲ਼ ।

37.ਪੁਰਾਤਨ ਵਰਨਮਾਲਾ ਦੇ ਕਿੰਨੇ ਅੱਖਰ ਹਨ?
ਉੱਤਰ- 35 ।

38.ਦੁੱਖ,ਮਿਠਾਸ ਕਿਹੜੀ ਕਿਸਮ ਦੇ ਨਾਂਵ ਹਨ?
ਉੱਤਰ-ਭਾਵ ਵਾਚਕ ਨਾਂਵ ।

39.'ਫਿੱਟੇ ਮੂੰਹ' ਤੇ 'ਬੇਸ਼ਰਮ'ਕਿਸ ਪ੍ਰਕਾਰ ਦੇ ਵਿਸਮਿਕ ਹਨ?
ਉੱਤਰ-ਫਿਟਕਾਰ ਵਾਚਕ ।

40. 'ਸਕੂਲ ਦੀ ਘੰਟੀ ਵੱਜ ਚੁੱਕੀ ਹੈ। 'ਕਾਲ ਲਿਖੋ।
ਉੱਤਰ-ਪੂਰਨ ਵਰਤਮਾਨ ਕਾਲ ।

41. 'ਕਾਰੀਗਰ'ਸ਼ਬਦ ਦਾ ਵਿਰੋਧੀ ਸ਼ਬਦ ਕੀ ਹੈ?
ਉੱਤਰ-ਅਨਾੜੀ ।

42. 'ਆਦਰ'ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।
ਉੱਤਰ-ਮਾਣ,ਇੱਜ਼ਤ,ਸਨਮਾਨ,ਵਡਿਆਈ ।

43.ਧੁਨੀ ਕਿਸ ਨੂੰ ਆਖਦੇ ਹਨ?
ਉੱਤਰ-ਮੂੰਹ ਵਿੱਚੋਂ ਨਿਕਲਣ ਵਾਲੀ ਅਵਾਜ਼ ।

44.ਸਾਹਿਤਕ ਭਾਸ਼ਾ ਕਿਸ ਨੂੰ ਕਹਿੰਦੇ ਹਨ?
ਉੱਤਰ-ਕਿਸੇ ਭਾਸ਼ਾ ਖੇਤਰ ਦੇ ਕੇਂਦਰੀ ਇਲਾਕੇ ਦੀ ਭਾਸ਼ਾ ।

45.ਲਗਾਖਰ ਕੀ ਹੁੰਦੇ ਹਨ?
ਉੱਤਰ-ਉਹ ਚਿੰਨ੍ਹ ਜਿਨ੍ਹਾਂ ਦੀ ਵਰਤੋਂ ਲਗਾਂ ਦੇ ਨਾਲ ਹੁੰਦੀ ਹੈ।

46.ਲਗਾਖਰ ਕਿਹੜੇ ਕਿਹੜੇ ਹਨ?
ਉੱਤਰ-ਬਿੰਦੀ,ਟਿੱਪੀ ,ਅੱਧਕ (ਤਿੰਨ) ।

47.ਪੜਨਾਂਵ ਜੀ ਹੁੰਦਾ ਹੈ?ਇਨ੍ਹਾਂ ਦੀ ਗਿਣਤੀ ਕੀ ਹੈ?
ਉੱਤਰ-ਉਹ ਸ਼ਬਦ ਜੋ ਨਾਂਵ ਦੀ ਥਾਂ ਵਰਤਿਆ ਜਾਂਦਾ ਹੈ।ਇਨ੍ਹਾਂ ਦੀ ਗਿਣਤੀ 6 ਹੈ।

48.ਯੋਜਕ ਕੀ ਹੁੰਦਾ ਹੈ?ਇਨ੍ਹਾਂ ਦੀ ਗਿਣਤੀ ਕੀ ਹੈ?
ਉੱਤਰ-ਜਿਹੜੇ ਸ਼ਬਦ ਵਾਕ ਵਿੱਚ ਦੋ ਸ਼ਬਦਾਂ,ਵਾਕੰਸ਼ਾਂ ਜਾਂ ਵਾਕਾਂ ਨੂੰ ਜੋੜਨ ।ਇਨ੍ਹਾਂ ਦੀ ਗਿਣਤੀ 2 ਹੈ।

49.ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
ਉੱਤਰ- 4 -ਧੁਨੀ ਬੋਧ,ਵਰਨ ਬੋਧ,ਸ਼ਬਦ ਬੋਧ,ਵਾਕ ਬੋਧ ।

50.ਮਲਵਈ ਉਪਬੋਲੀ ਨਾਲ ਸੰਬੰਧਿਤ ਜਿਲ੍ਹੇ ਕਿਹੜੇ ਹਨ?
ਉੱਤਰ-ਮੋਗਾ,ਮਾਨਸਾ,ਮੁਕਤਸਰ,ਫਰੀਦਕੋਟ,ਫਤਹਿਗੜ੍ਹ, ਫਾਜ਼ਿਲਕਾ,ਬਠਿੰਡਾ,ਸੰਗਰੂਰ ।

51.ਪੰਜਾਬੀ ਦੀਆਂ ਨਾਸਿਕੀ ਧੁਨੀਆਂ ਸਵਰ ਹਨ ਜਾਂ ਵਿਅੰਜਨ
ਉੱਤਰ-ਵਿਅੰਜਨ ।

52.ਗੁਰਮੁਖੀ ਵਰਨਮਾਲਾ ਦਾ ਪਹਿਲਾ ਨਾਂ ਕੀ ਸੀ?
ਉੱਤਰ-ਪੈਂਤੀ ਅੱਖਰੀ ।

53.ਠੰਡਾ ਪਾਣੀ ਪੀਓ ।ਵਾਕ ਵਿਚ ਕਿਰਿਆ ਇਕਹਿਰੀ ਹੈ ਜਾਂ ਸੰਯੁਕਤ
ਉੱਤਰ-ਸੰਯੁਕਤ ।

54.ਸਧਾਰਨ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ ਲੱਗਦਾ ਹੈ?
ਉੱਤਰ-ਡੰਡੀ ।

55.ਜੀ ਆਇਆਂ ਨੂੰ/ਧੰਨ ਭਾਗ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ?
ਉੱਤਰ-ਸਤਿਕਾਰ ਵਾਚਕ ।

56.ਜਿਹੜਾ ਸਮਾਂ ਆਉਣ ਵਾਲਾ ਹੋਵੇ ਉਹ ਕਿਹੜਾ ਹੁੰਦਾ ਹੈ?
ਉੱਤਰ-ਭਵਿੱਖ ਕਾਲ ।

57. 'ਸ਼ਰਮੀਲਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।
ਉੱਤਰ-ਬੇਸ਼ਰਮ ।

58. 'ਸੋਹਣਾ' ਸ਼ਬਦ ਦਾ ਸਮਾਨਾਰਥਕ ਸ਼ਬਦ ਲਿਖੋ।
ਉੱਤਰ-ਸੁਨੱਖਾ,ਸਰੂਪ ।

59.ਅੱਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?
ਉੱਤਰ-ਜਿਸ ਅੱਖਰ ਦੀ ਅਵਾਜ਼ ਦੋਹਰੀ ਕਰਨੀ ਹੋਵੇ,ਉਸ ਤੋਂ ਪਹਿਲੇ ਅੱਖਰ ਉੱਪਰ ਅੱਧਕ ਪਾਈ ਜਾਂਦੀ ਹੈ।

60.ਸੰਬੰਧਕ ਕੀ ਹੁੰਦਾ ਹੈ?ਕਿੰਨੇ ਪ੍ਰਕਾਰ ਦਾ ਹੁੰਦਾ ਹੈ?
ਉੱਤਰ-ਜਿਹੜੇ ਸ਼ਬਦ ਵਾਕ ਵਿੱਚ ਨਾਂਵ,ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦਾਂ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਨ। ਇਹ ਦੋ ਪ੍ਰਕਾਰ ਦਾ ਹੁੰਦਾ ਹੈ। ਪੂਰਨ ਅਤੇ ਅਪੂਰਨ ।

61.ਭਾਸ਼ਾ ਦਾ ਸ਼ੁੱਧ ਤੇ ਮਿਆਰੀ ਰੂਪ ਸਮਝਣ ਲਈ ਕਿਸ ਦੀ ਜ਼ਰੂਰਤ ਪੈਂਦੀ ਹੈ?
ਉੱਤਰ-ਵਿਆਕਰਨ ਦੀ ।

62. 'ੳ' ਅੱਖਰ ਨਾਲ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ ?
ਉੱਤਰ- ਬਿੰਦੀ ਦੀ ।

63.ਸੰਵਿਧਾਨਕ ਮਾਨਤਾ ਪ੍ਰਾਪਤ ਕੋਈ ਦੋ ਭਾਸ਼ਾਵਾਂ ਦੇ ਨਾਂ ਦੱਸੋ।
ਉੱਤਰ-ਪੰਜਾਬੀ,ਹਿੰਦੀ,ਗੁਜਰਾਤੀ,ਮਰਾਠੀ,ਬੰਗਲਾ,ਅਸਾਮੀ ।

64.ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?
ਉੱਤਰ-ਪੰਜ ਪ੍ਰਕਾਰ ਦੇ ।

65.ਹੈਰਾਨੀ,ਖੁਸ਼ੀ ਪ੍ਰਗਟ ਕਰਨ ਵਾਲੇ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ੍ਹ ਲੱਗਦਾ ਹੈ?
ਉੱਤਰ-ਵਿਸਮਿਕ ਚਿੰਨ੍ਹ ।

66.'ਮੀਂਹ ਪੈ ਰਿਹਾ ਸੀ' ਵਾਕ ਦਾ ਕਾਲ ਲਿਖੋ।
ਉੱਤਰ-ਭੂਤਕਾਲ ।

67.ਸੁਰੀਲਾ,ਸਾਫ,ਚਿੱਟਾ,ਕਾਲਾ,ਛੋਟਾ,ਸੋਹਣਾ ਸ਼ਬਦ ਕਿਸ ਪ੍ਰਕਾਰ ਦੇ ਵਿਸ਼ੇਸ਼ਣ ਹਨ?
ਉੱਤਰ-ਗੁਣਵਾਚਕ ।

68. 'ਗੁਲਾਮੀ' ਦਾ ਵਿਰੋਧੀ ਸ਼ਬਦ ਲਿਖੋ।
ਉੱਤਰ-ਅਜ਼ਾਦੀ ।

69.ਪੰਜਾਬੀ ਵਿੱਚ ਲਘੂ(ਹ੍ਰਸਵ)ਸਵਰ ਧੁਨੀਆਂ ਕਿਹੜੀਆਂ ਹਨ?
ਉੱਤਰ-ਅ,ਉ,ਇ ।

70.ਕਾਲ ਕੀ ਹੁੰਦਾ ਹੈ?
ਉੱਤਰ-ਸਮੇਂ ਅਨੁਸਾਰ ਬਦਲਕੇ ਕਿਰਿਆ ਜੋ ਰੂਪ ਧਾਰਨ ਕਰਦੀ ਹੈ,ਉਸ ਨੂੰ ਕਾਲ ਕਹਿੰਦੇ ਹਨ।

71.ਦੋ ਅੱਖਰਾਂ ਦੇ ਮੇਲ ਤੋਂ ਬਣੇ ਅੱਖਰ ਨੂੰ ਕੀ ਕਿਹਾ ਜਾਂਦਾ ਹੈ?
ਉੱਤਰ-ਦੁੱਤ ਅੱਖਰ ।

72.ਕਿਸਨੇ,ਕਦੋਂ,ਕਿੱਥੇ ਅਦਿ ਸ਼ਬਦਾਂ ਤੋਂ ਸ਼ੁਰੂ ਹੋਣ ਵਾਲਾ ਵਾਕ ਕਿਸਮ ਦਾ ਹੈ?
ਉੱਤਰ-ਪ੍ਰਸ਼ਨ ਵਾਚਕ ।

73. ਦੁਆਬੀ ਉਪ ਬੋਲੀ ਬੋਲਣ ਵਾਲੇ ਜਿਲ੍ਹੇ ਦੱਸੋ।
ਉੱਤਰ-ਜਲੰਧਰ ,ਕਪੂਰਥਲਾ,ਹੁਸ਼ਿਆਰਪੁਰ ।

74.ਟੀਮ,ਪੰਚਾਇਤ,ਮੇਲਾ ਕਿਸ ਪ੍ਰਕਾਰ ਦੇ ਨਾਂਵ ਹਨ?
ਉੱਤਰ-ਇਕੱਠ-ਵਾਚਕ ।

75. 'ਗਿਆਨੀ'ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।
ਉੱਤਰ-ਅਗਿਆਨੀ ।

76.ਬੋਲੀ ਜਾਂ ਭਾਸ਼ਾ ਕਿਸ ਨੂੰ ਕਹਿੰਦੇ ਹਨ?
ਉੱਤਰ-ਉਹ ਸਾਧਨ ਜਿਸ ਰਾਹੀਂ ਮਨੁੱਖ ਆਪਣੇ ਮਨ ਦੇ ਵਿਚਾਰ ਦੂਜੇ ਮਨੁੱਖਾਂ ਨਾਲ ਸਾਂਝੇ ਕਰਦਾ ਹੈ।

77.ਵਰਨਮਾਲਾ ਕਿਸ ਨੂੰ ਕਹਿੰਦੇ ਹਨ?
ਉੱਤਰ-ਗੁਰਮੁਖੀ ਦੇ ਅੱਖਰ ਜਦੋਂ ਨਿਰਚਿਤ ਤਰਤੀਬ ਵਿਚ ਰੱਖੇ ਜਾਂਦੇ ਹਨ ਉਸ ਨੂੰ ਵਰਨਮਾਲਾ ਕਹਿੰਦੇ ਹਨ।

78.ਕਿਹੜੇ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਗਦੀ ਹੈ?
ਉੱਤਰ-ਸ਼, ਗ਼, ਖ਼, ਜ਼, ਫ਼, ਲ਼ ।

79.ਪੰਜਾਬੀ ਦੀਆਂ ਕੁੱਲ ਕਿੰਨੀਆਂ ਲਗਾਂ ਹਨ
ਉੱਤਰ- 10 ।

80.ਸ਼ਬਦ ਕਿਸ ਤੋਂ ਬਣਦੇ ਹਨ?
ਉੱਤਰ-ਅੱਖਰਾਂ ਦੇ ਮੇਲ ਤੋਂ ।

81. 'ਸਰਬੱਤ','ਕੁੱਝ' ਕਿਸ ਪ੍ਰਕਾਰ ਦੇ ਪੜਨਾਂਵ ਹਨ?
ਉੱਤਰ-ਅਨਿਸਚੇ ਵਾਚਕ ।

82.ਪੰਜਾਬ ਦੀ ਟਕਸਾਲੀ ਭਾਸ਼ਾ ਕਿਹੜੀ ਹੈ?
ਉੱਤਰ-ਮਾਝੀ ।

83. 'ਮੈਂ ਫੁੱਟਬਾਲ ਖੇਡਾਂਗਾ'।ਕਾਲ ਲਿਖੋ।
ਉੱਤਰ-ਭਵਿੱਖ ਕਾਲ ।

84. 'ਹਸ਼ਿਆਰ'ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।
ਉੱਤਰ-ਨਲਾਇਕ ।

85.ਕਿਹੜੇ ਸਵਰ ਅੱਖਰ ਨਾਲ ਕੰਨਾ ਨਹੀਂ ਲੱਗਦਾ ?
ਉੱਤਰ- 'ੳ' ਨਾਲ ।

86.ਸਾਡੇ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?
ਉੱਤਰ-22 ਭਾਸ਼ਾਵਾਂ ।

87. 'ਮੈਂ ਸਾਰੀ ਚਿੱਠੀ ਪੜ੍ਹ ਲਈ ਹੈ।'ਵਾਕ ਦੀ ਕਿਰਿਆ ਇਕਹਿਰੀ ਹੈ ਜਾ ਸੰਯੁਕਤ ?
ਉੱਤਰ-ਸੰਯੁਕਤ ।

88.ਖਬਰਦਾਰ/ਵੇਖੀਂ/ਠਹਿਰ ਜਾ ਸ਼ਬਦ ਕਿਸ ਪ੍ਰਕਾਰ ਦੇ ਵਿਸਮਿਕ ਹਨ ?
ਉੱਤਰ-ਸੂਚਨਾ ਵਾਚਕ ।

89.ਸਪੁੱਤਰ ਸ਼ਬਦ ਦਾ ਵਿਰੋਧੀ ਸ਼ਬਦ ਕੀ ਹੈ?
ਉੱਤਰ- ਕਪੁੱਤਰ ।

90. 'ੳ' ਨਾਲ ਕਿਹੜੀ ਕਿਹੜੀ ਲਗ ਦੀ ਵਰਤੋਂ ਹੁੰਦੀ ਹੈ?
ਉੱਤਰ- ਔਂਕੜ,ਦੁਲੈਂਕੜ,ਹੋੜਾ ।

91.ਗੁਰਮੁਖੀ ਦੇ ਕਿੰਨੇ ਅੱਖਰ ਸਵਰ ਹਨ?
ਉੱਤਰ- ਤਿੰਨ ੳ, ਅ, ੲ ।

92.ਗੁਰਦਾਸ ਪੁਰ ਜਿਲ੍ਹੇ ਵਿੱਚ ਕਿਹੜੀ ਉਪਭਾਸ਼ਾ ਵਰਤੀ ਜਾਂਦੀ ਹੈ ?
ਉੱਤਰ-ਮਾਝੀ ।

93.ਕਿਹੜੀ ਮਾਤਰਾ ਲੰਬਾਈ ਵਿਚ ਅੱਖਰ ਨਾਲੋਂ ਅੱਧੀ ਹੁੰਦੀ ਹੈ?
ਉੱਤਰ-ਕੰਨਾ ।

94.ਪੁਆਧ ਦੇ ਇਲਾਕਿਆਂ ਦੇ ਨਾਂ ਦੱਸੋ?
ਉੱਤਰ-ਪਟਿਆਲਾ ਰੋਪੜ ਅੰਬਾਲਾ ।

95. 'ਮੈਂਨੂੰ ਘੜੀ ਘੜੀ ਤੰਗ ਨਾਕਰ"ਘੜੀ ਘੜੀ ਕਿਸ ਪ੍ਰਕਾਰ ਦਾ ਕਿਰਿਆ ਵਿਸ਼ੇਸ਼ਣ ਹੈ?
ਉੱਤਰ-ਸੰਖਿਆ ਵਾਚਕ ।

96. 'ਈਮਾਨਦਾਰ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ।
ਉੱਤਰ-ਬਾਈਮਾਨ ।

97.ਪੰਜਾਬੀ ਲਿਖਣ ਸਮੇਂ ਜਿਹੜੇ ਅੱਖਰ ਨੂੰ ਕੋਈ ਲਗ ਨਹੀਂ ਲਗਦੀ ਉਸ ਨੂੰ ਕੀ ਕਹਿੰਦੇ ਹਨ?
ਉੱਤਰ—ਮੁਕਤਾ ।

98.ਲਗਾਂ ਦੀ ਵਰਤੋਂ ਕਿਸ ਤੋਂ ਬਿਨਾਂ ਨਹੀਂ ਹੁੰਦੀ ?
ਉੱਤਰ- ਅੱਖਰਾਂ ਤੋਂ ਬਿਨਾਂ ।

99. 'ੳ' ਤੋਂ 'ੜ' ਤੱਕ ਗੁਰਮੁਖੀ ਦੇ ਕਿੰਨੇ ਅੱਖਰ ਹਨ?
ਉੱਤਰ- 32 ਅੱਖਰ ।

100.ਅੱਧਕ ਦੀ ਵਰਤੋਂ ਕਿਹੜੀ ਕਿਹੜੀ ਲਗ ਨਾਲ ਹੁੰਦੀ ਹੈ
ਉੱਤਰ-ਮੁਕਤਾ,ਸਿਹਾਰੀ,ਔਂਕੜ,ਦੁਲੈਂਕੜ ।

101.ਉਹ ਕਿਹੜਾ ਅੱਖਰ ਹੈ ਜਿਸ ਨੂੰ ਹੋੜਾ ਲਾਉਣ ਸਮੇਂ ਉਸ ਦਾ ਮੂੰਹ ਖੁੱਲ੍ਹਾ ਛੱਡਿਆ ਜਾਂਦਾ ਹੈ?
ਉੱਤਰ- 'ੳ" ।

102. ਸਕੂਲਾਂ ਵਿੱਚ ਪੜ੍ਹਾਈ ਦਾ ਮਾਧਿਅਮ ਭਾਸ਼ਾ ਦਾ ਕਿਹੜਾ ਰੂਪ ਹੁੰਦਾ ਹੈ?
ਉੱਤਰ- ਮਾਂ ਬੋਲੀ

103.ਬਰਾਬਰ ਦੇ ਅਰਥ ਰੱਖਣ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ ?
ਉੱਤਰ- ਸਮਾਨਾਰਥਕ ਸ਼ਬਦ

104. ਬੋਲੀ ਦੇ ਬੋਲਚਾਲ ਦੇ ਇਲਾਕਾਈ ਰੂਪ ਨੂੰ ਕੀ ਕਹਿੰਦੇ ਹਨ ?
ਉੱਤਰ- ਉੱਪ ਭਾਸ਼ਾ

105.ਭਾਸ਼ਾ ਦਾ ਕਿਹੜਾ ਰੂਪ ਕਿਤਾਬਾਂ ਵਿੱਚ ਮੌਜੂਦ ਹੁੰਦਾ ਹੈ?
ਉੱਤਰ-ਸਾਹਿਤਕ/ਟਕਸਾਲੀ

106.ਭਾਸ਼ਾ ਕਿੰਨੇ ਤਰ੍ਹਾਂ ਦੀ ਹੁੰਦੀ ਹੈ?
ਉੱਤਰ- ਦੋ (ਲਿਖਤੀ, ਬੋਲਚਾਲ ਦੀ ਭਾਸ਼ਾ)
107. ਸਵਰ ਕੀ ਹੁੰਦਾ ਹੈ ?
ਉੱਤਰ-ਉਹ ਧੁਨੀ ਜਿਸ ਨੂੰ ਬੋਲਦੇ ਸਮੇਂ ਅਵਾਜ਼ ਮੂੰਹ ਵਿੱਚੋਂ ਬਿਨਾਂ ਰੁਕੇ ਨਿਕਲਦੀ ਹੈ।

108.ਵਿਅੰਜਨ ਕੀ ਹੁੰਦਾ ਹੈ?
ਉੱਤਰ-ਉਹ ਧੁਨੀ ਜਿਸ ਨੂੰ ਬੋਲਦੇ ਸਮੇਂ ਅਵਾਜ਼ ਮੂੰਹ ਵਿੱਚੋਂ ਰੁਕ ਕੇ ਨਿਕਲਦੀ ਹੈ।

109. ਨਾਂਵ- 5 ਪ੍ਰਕਾਰ ਦਾ
ਪੜਨਾਂਵ- 6 ਪ੍ਰਕਾਰ ਦਾ
ਵਿਸ਼ੇਸ਼ਣ- 5 ਪ੍ਰਕਾਰ ਦਾ
ਕਿਰਿਆ ਵਿਸ਼ੇਸ਼ਣ- 8 ਪ੍ਰਕਾਰ ਦਾ
ਕਾਰਕ - 8 ਪ੍ਰਕਾਰ ਦਾ
ਸੰਬੰਧਕ- 2 ਪ੍ਰਕਾਰ ਦਾ
ਯੋਜਕ - 2 ਪ੍ਰਕਾਰ ਦਾ

110 ਉੱਪ ਬੋਲੀਆਂ ਅਤੇ ਉਹਨਾਂ ਦੇ ਬੋਲਣ ਵਾਲੇ ਜਿਲ੍ਹੇ
ਉੱਤਰ- 1.ਮਾਝੀ –AGTL- ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਲਾਹੌਰ ਦਾ ਕੁੱਝ ਹਿੱਸਾ
2.ਮਲਵਈ–LMMMFFFBSP- ਲੁਧਿਆਣਾ,ਮੋਗਾ,ਮਾਨਸਾ,ਮੁਕਤਸਰ, ਫ਼ਿਰੋਜ਼ਪੁਰ,ਫ਼ਾਜ਼ਿਲਕਾ,ਫ਼ਰੀਦਕੋਟ ਤੇ ਬਠਿੰਡਾ,ਸੰਗਰੂਰ, ਪਟਿਆਲਾ ਦਾ ਕੁੱਝ ਹਿੱਸਾ।
3. ਦੁਆਬੀ–JKH- ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ।
4.ਪੁਆਧ–RPMA-ਰੋਪੜ, ਪਟਿਆਲਾ, ਮਲੇਰਕੋਟਲਾ, ਅੰਬਾਲੇ ਦਾ ਕੁੱਝ ਹਿੱਸਾ ।

111. ਮਾਂ-ਬੋਲੀ ਕੀ ਹੁੰਦੀ ਹੈ?
ਉੱਤਰ-ਉਹ ਬੋਲੀ ਜਿਹੜੀ ਬੱਚਾ ਆਪਣੇ ਜਨਮ ਤੋਂ ਹੀ ਆਪਣੀ ਮਾਂ ਕੋਲੋਂ ਸਿੱਖਦਾ ਹੈ।

112.ਲਿਪੀ ਕੀ ਹੁੰਦੀ ਹੈ?
ਉੱਤਰ-ਭਾਸ਼ਾ ਦੀਆਂ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਕੁਝ ਚਿੰਨ੍ਹ ਵਰਤੇ ਜਾਂਦੇ ਹਨ।ਇਨ੍ਹਾਂ ਚਿੰਨ੍ਹਾਂ ਦੇ ਸਮੂਹ ਨੂੰ ਲਿਪੀ ਕਿਹਾ ਜਾਂਦਾ ਹੈ।

113.ਗੁਰਮੁੱਖੀ ਲਿਪੀ ਦੇ ਹੋਰ ਕਿਹੜੇ ਨਾਂ ਪ੍ਰਸਿੱਧ ਹਨ?
ਉੱਤਰ- ਪੈਂਤੀ, ਪੈਂਤੀ ਅੱਖਰੀ, ਪੰਜਾਬੀ ਲਿਪੀ

114.ਪੰਜਾਬੀ ਵਿੱਚ ਦੀਰਘ ਸਵਰ ਧੁਨੀਆਂ ਕਿਹੜੀਆਂ ਹਨ?
ਉੱਤਰ-ਆ,ਈ,ਊ,ਏ,ਐ,ਓ,ਔ ।

115. ਪੰਜਾਬੀ ਨੂੰ ਪੰਜਾਬ ਵਿੱਚ ਕੀ ਦਰਜਾ ਪ੍ਰਾਪਤ ਹੈ?
ਉੱਤਰ-ਰਾਜ-ਭਾਸ਼ਾ ਦਾ

116. 'ਲ਼' ਅੱਖਰ ਨੂੰ ਬੋਲਦੇ ਸਮੇਂ ਜੀਭ ਮੂੰਹ ਵਿੱਚ ਕਿੱਥੇ ਛੂੰਹਦੀ ਹੈ?
ਉੱਤਰ- ਤਾਲੂ ਨਾਲ

117. ਕਿਹੜੇ ਸਵਰ ਅੱਖਰਾਂ ਨਾਲ ਕੰਨਾ ਨਹੀਂ ਲੱਗਦਾ ?
ਉੱਤਰ- ੳ ਅਤੇ ੲ

118.ਅੱਧਕ ਦੀ ਵਰਤੋਂ ਕਿਹੜੀ ਕਿਹੜੀ ਲਗ ਨਾਲ ਹੁੰਦੀ ਹੈ?
ਉੱਤਰ- ਮੁਕਤਾ ਸਿਹਾਰੀ ਤੇ ਔਂਕੜ

119. ਸਾਰਥਕ ਸ਼ਬਦ ਕੀ ਹੁੰਦੇ ਹਨ?
ਉੱਤਰ- ਉਹ ਸ਼ਬਦ ਜਿਨ੍ਹਾਂ ਦਾ ਕੋਈ ਅਰਥ ਹੁੰਦਾ ਹੈ।

120. ਸੰਬੰਧਕ ਸ਼ਬਦ ਆਮ ਕਰਕੇ ਨਾਵਾਂ ਜਾਂ ਪੜਨਾਵਾਂ ਦੇ ਅੱਗੇ ਆਉਂਦੇ ਹਨ ਜਾਂ ਪਿੱਛੇ?
ਉੱਤਰ- ਪਿੱਛੇ